ਐਸ.ਬੀ.ਐਸ ਸਕੂਲ ਵਿਖੇ ਬੱਚਿਆਂ ਨੂੰ ਅੱਗ ਦੀ ਵਰਤੋਂ ਕੀਤੇ ਬਿਨ੍ਹਾ ਖਾਣਾ ਬਣਾਉਣ ਸੰਬੰਧੀ ਗਤੀਵਿਧੀ ਕਰਵਾਈ ਗਈ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 22 ਫਰਵਰੀ :

ਸਿਹਤ ਨੂੰ ਨਰੋਆ ਅਤੇ ਸਿਹਤਮੰਦ ਬਣਾਈ ਰੱਖਣ ਲਈ ਸਾਨੂੰ ਬਾਹਰਲੇ ਅਤੇ ਪੈਕਟ ਵਾਲੇ ਖਾਣੇ ਨੂੰ ਤਿਆਗ ਕੇ ਘਰ ਬਣਿਆ ਹੋਇਆ ਹੋਇਆ ਖਾਣਾ ਬਹੁਤ ਸਹਾਈ ਸਾਬਤ ਹੁੰਦਾ ਹੈ ਜਿਸ ਨੂੰ ਅਸੀ ਆਪਣੀ ਨਿਗਰਾਨੀ ਹੇਠ ਮਿਲਾਵਟ ਤੋਂ ਰਹਿਤ ਤਿਆਰ ਕਰਦੇ ਹਾਂ। ਇਸੇ ਸੰਬੰਧ ਵਿੱਚ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕਾ ਹਰਮਨਪ੍ਰੀਤ ਕੌਰ ਅਤੇ ਗੁਰਪ੍ਰੀਤ ਕੌਰ ਵੱਲੋ ਸੀਨੀਅਰ ਕੇਜੀ ਅਤੇ ਪਹਿਲੀ ਕਲਾਸ ਦੇ ਬੱਚਿਆਂ ਨੂੰ ਘਰ 'ਚ ਮੌਜੂਦ ਸਮੱਗਰੀ ਜਿਵੇ ਖੀਰਾ, ਟਮਾਟਰ, ਗੋਭੀ, ਪਿਆਜ, ਪਨੀਰ, ਨਮਕੀਨ ਆਦਿ ਦੀ ਵਰਤੋਂ ਨਾਲ ਬਿਨ੍ਹਾ ਅੱਗ ਤੋਂ ਵੇਲ ਪੁਰੀ ਬਣਾਉਣ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ ਗਈ। ਅਧਿਆਪਕ ਹਰਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਵੇਲ ਪੁਰੀ ਵਿੱਚ ਵਰਤੀ ਜਾਣ ਵਾਲੀ ਹਰ ਸਮੱਗਰੀ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਨੂੰ ਉਨ੍ਹਾਂ ਦੇ ਸਹੀ ਆਕਾਰ ਵਿੱਚ ਕੱਟ ਕੇ ਉਨ੍ਹਾਂ ਨੂੰ ਸਹੀ ਅਨੁਪਾਤ ਵਿੱਚ ਮਿਲਾ ਕੇ ਮਿਕਸਚਰ ਤਿਆਰ ਕਰਨ ਦੀ ਵਿਧੀ ਬਾਰੇ ਦੱਸਿਆ। ਇਸ ਤਰ੍ਹਾਂ ਬੱਚਿਆਂ ਨੇ ਆਪਣਾ- ਆਪਣਾ ਮਿਕਸਚਰ ਤਿਆਰ ਕਰਕੇ ਵੇਲ ਪੁਰੀ ਬਣਾਈ ਅਤੇ ਆਪਣੇ ਅਧਿਆਪਕਾ ਨਾਲ ਸਾਂਝਾ ਕੀਤਾ। ਅਧਿਆਪਕਾ ਨੇ ਦੱਸਿਆ ਕਿ ਜਦ ਸਾਡਾ ਮਨ ਕੁਝ ਬਾਹਰਲਾ ਖਾਣ ਨੂੰ ਕਰਦਾ ਹੈ ਤਾਂ ਅਸੀ ਘਰ ਵਿੱਚ ਹੀ ਬੜੀ ਅਸਾਨੀ ਨਾਲ ਸੁਆਦੀ ਵੇਲ ਪੁਰੀ ਤਿਆਰ ਕਰ ਕੇ ਖਾ ਸਕਦੇ ਹਾਂ,ਜਿਸ ਨਾਲ ਅਸੀ ਆਪਣੇ ਸਰੀਰ ਨੂੰ ਸਿਹਤਮੰਦ ਰੱਖ ਸਕਦੇ ਹਾਂ। ਉਨ੍ਹਾਂ ਕਿ ਬਾਹਰਲਾ ਅਤੇ ਪੈਕਟ ਵਾਲਾ ਖਾਣਾ ਬਿਮਾਰੀਆਂ ਨੂੰ ਖੁੱਲ੍ਹਾ ਸੱਦਾ ਹੈ ਇਸ ਲਈ ਸਕੂਲ ਵੱਲੋ ਬੱਚਿਆਂ ਨੂੰ ਇਸ ਤੋ ਬਚਣ ਲਈ ਘਰ ਬਣੇ ਹੋਏ ਖਾਣੇ ਨੂੰ ਪਹਿਲ ਦੇਣ ਲਈ ਹਮੇਸ਼ਾ ਜਾਗਰੂਕ ਕੀਤਾ ਜਾਂਦਾ ਹੈ। ਬੱਚਿਆਂ ਨੇ ਇਸ ਗਤੀਵਿਧੀ ਰਾਹੀ ਬਹੁਤ ਮੰਨੋਰੰਜਨ ਕੀਤਾ ਅਤੇ ਕਿਹਾ ਕਿ ਉਹ ਬਾਹਰਲੇ ਖਾਣੇ ਦੀ ਵਜਾਏ ਬਿਨ੍ਹਾਂ ਕਿਸੇ ਦੀ ਮੱਦਦ ਤੋਂ ਘਰ 'ਚ ਹੀ ਵੇਲ ਪੁਰੀ ਬਣਾ ਕੇ ਖਾ ਸਕਣਗੇ।

ਮਹਾਜਨ ਯੂਥ ਵਿੰਗ ਪਠਾਨਕੋਟ ਵੱਲੋਂ ਖ਼ੂਨਦਾਨ ਕੈਂਪ ਲਾਇਆ ਗਿਆ

ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 22 ਫਰਵਰੀ :

ਮਹਾਜਨ ਯੂਥ ਵਿੰਗ ਜ਼ਿਲ੍ਹਾ ਪਠਾਨਕੋਟ ਵੱਲੋਂ ਸਿਵਲ ਹਸਪਤਾਲ ਪਠਾਨਕੋਟ ਵਿਖੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੀ ਪ੍ਰਧਾਨਗੀ ਮਹਾਜਨ ਯੂਥ ਵਿੰਗ ਦੇ ਪ੍ਰਧਾਨ ਸੰਜੂ ਮਹਾਜਨ, ਜ਼ਿਲ੍ਹਾ ਪ੍ਰਧਾਨ ਨਿਪੁਨ ਗੁਪਤਾ, ਸੀਟੀ ਪ੍ਰਧਾਨ ਰਾਕੇਸ਼ ਮਹਾਜਨ ਅਤੇ ਉਨ੍ਹਾਂ ਦੀ ਟੀਮ ਨੇ ਕੀਤੀ।ਇਸ ਪ੍ਰੋਗਰਾਮ ਵਿੱਚ ਆਲ ਇੰਡੀਆ ਮਹਾਜਨ ਸ਼੍ਰੋਮਣੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਗੁਪਤਾ ਅਤੇ ਕਰਨੇਸ਼ ਮਹਾਜਨ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਨੌਜਵਾਨਾਂ ਨੇ ਉਤਸ਼ਾਹ ਨਾਲ ਖ਼ੂਨਦਾਨ ਕੀਤਾ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਨੂੰ ਸ਼ਰਧਾਂਜਲੀ ਦਿੱਤੀ।

ਸਰਕਾਰੀ ਸਕੂਲ ਦੀਪ ਸਿੰਘ ਵਾਲਾ ਦੇ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 22 ਫਰਵਰੀ :

ਇੱਥੋਂ ਲਾਗਲੇ ਪਿੰਡ ਦੀਪ ਸਿੰਘ ਵਾਲਾ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੇ ਚੌਥੀ ਜਮਾਤ ਦੇ ਬੱਚਿਆਂ ਨੇ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਅੱਜ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਸਮੇਂ ਸਕੂਲ ਇੰਚਾਰਜ ਆਸ਼ਾ ਰਾਣੀ ਨੇ ਰੀਬਿਨ ਕੱਟ ਕੇ ਸਮਾਗਮ ਸ਼ੁਰੂ ਕਰਵਾਇਆ ਉਸ ਤੋਂ ਬਾਅਦ ਚੌਥੀ ਜਮਾਤ ਦੇ ਬੱਚਿਆਂ ਨੇ ਆਪਣੇ ਸੀਨੀਅਰਜ਼ ਲਈ ਗੁਲਦਸਤੇ ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਅਤੇ ਬੱਚਿਆਂ ਨੇ ਗਿੱਧਾ, ਭੰਗੜਾ, ਡਾਂਸ, ਕੀਤਾ ਅਤੇ ਵੱਖ-ਵੱਖ ਤਰ੍ਹਾਂ ਦੀਆਂ ਮੰਨੋਰੰਜਨ ਖੇਡਾਂ ਕਰਵਾਈਆਂ ਗਈਆਂ।ਇਸ ਸਮੇਂ ਅਧਿਆਪਕ ਅਤੇ ਵਿਦਿਆਰਥੀ ਨੇ ਆਪਸੀ ਰਿਸ਼ਤੇ ਨੂੰ ਮੱਦੇਨਜ਼ਰ ਰੱਖਦਿਆਂ ਸਕਿਟਾਂ ਪੇਸ਼ ਕੀਤੀਆਂ ਬੱਚਿਆਂ ਨੂੰ ਸਕੂਲ ਇੰਚਾਰਜ਼ ਆਸ਼ਾ ਰਾਣੀ ਨੇ ਅਗਲੀਆਂ ਜਮਾਤ ਵਿੱਚ ਇਸੇ ਤਰ੍ਹਾਂ ਮਨ ਲਾਕੇ ਪੜ੍ਹਾਈ ਕਰਨਾ ਤੇ ਇਸੇ ਤਰ੍ਹਾਂ ਖੇਡਾਂ ਵਿੱਚ ਵੀ ਰੁੱਚੀ ਬਣਾਈ ਰੱਖਣਾ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਸਮੇਂ ਬੱਚਿਆਂ ਨੇ ਪ੍ਰਨ ਕੀਤਾ ਕੇ ਅਸੀਂ ਇਸੇ ਤਰ੍ਹਾਂ ਹੀ ਆਪਣੀ ਪੜ੍ਹਾਈ ਜਾਰੀ ਰੱਖਾਂਗੇ। ਸਟੇਜ ਦੀ ਭੂਮਿਕਾ ਗੁਰਬਿੰਦਰ ਕੌਰ ਤੇ ਸਿਮਰਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਗੁਰਬਿੰਦਰ ਕੌਰ, ਸਿਮਰਜੀਤ ਕੌਰ, ਮੁਕੇਸ਼ ਕੁਮਾਰ, ਗੁਰਬਿੰਦਰ ਕੌਰ, ਰੁਪਿੰਦਰ ਕੌਰ ਹਾਜ਼ਰ ਸਨ।

ਨੌਜਵਾਨਾਂ ਦੇ ਉਦਮ ਸਦਕਾ 4 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਕੀਤੀਆਂ ਸ਼ਾਦੀਆਂ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 22 ਫਰਵਰੀ:

ਕਹਿੰਦੇ ਨੇ ਕਿ ਕਿਸੇ ਲੋੜਬੰਦ ਦੀ ਕੀਤੀ ਮਦਦ ਨਾਲ ਜੋ ਉਹਨਾਂ ਦੇ ਮੂੰਹੋਂ ਦੁਆਵਾਂ ਨਿਕਲਦੀਆਂ ਹਨ ਮਾਲਿਕ ਉਹਨਾਂ ਨੂੰ ਬਹੁਤ ਨੇੜਿਉ ਹੋ ਕਿ ਸੁਣਦਾ ਹੈ ਐਸੇ ਹੀ ਕੁਝ ਉਦਮੀ ਨੌਜਵਾਨਾਂ ਵੱਲੋਂ 4 ਲੋੜਬੰਦ ਲੜਕੀਆਂ ਦੀਆਂ ਸ਼ਾਦੀਆਂ ਕਰਕੇ ਦੁਵਾਵਾਂ ਖੱਟੀਆਂ ਹਨ। ਦੱਸਣਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸੇਵਾ ਸੁਸਾਇਟੀ ਸਾਦਿਕ (ਜ਼ਿਲ੍ਹਾ ਫ਼ਰੀਦਕੋਟ) ਦੇ ਨੌਜਵਾਨਾ ਨੇ ਰਲਕੇ ਕਮੇਟੀ ਬਣਾਈ ਜਿਸ ਵਿੱਚ ਆਸ-ਪਾਸ ਦੇ ਨੌਜਵਾਨ ਸ਼ਾਮਿਲ ਹੋਏ ਜਿਨ੍ਹਾਂ ਨੇ ਰਲ ਮਿਲ ਉਪਰਾਲਾ ਕੀਤਾ ਕਿ ਲੋੜਬੰਦ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਣ ਤੇ ਅੱਜ ਇੱਥੋਂ ਲਾਗਲੇ ਗੁਰੁਦੁਆਰਾ ਬਾਉਲੀ ਸਾਹਿਬ ਵਿਖੇ 4 ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਗਈਆਂ ਜਿਸ ਵਿੱਚ ਉਹਨਾਂ ਲੜਕੀਆਂ ਨੂੰ ਘਰੇਲੂ ਸਮਾਨ ਜਿਸ ਵਿੱਚ ਪੇਟੀ, ਡਬਲਬੈਡ, ਰਜਾਈਆਂ, ਕੰਬਲ, ਪੱਖੇ, ਪ੍ਰੈਸਾਂ ਅਤੇ ਹੋਰ ਲੋੜੀਦਾ ਸਮਾਨ ਵੀ ਦਿੱਤਾ ਗਿਆ। ਇਸ ਮੌਕੇ ਗੱਲਬਾਤ ਦੌਰਾਨ ਸੋਨੀ ਢਿੱਲਵਾਂ ਅਤੇ ਗੋਰਾ ਸ਼ਰਮਾ ਨੇ ਸਮੂਹ ਸਹਿਯੋਗੀ ਸੱਜਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਾਰਜ ਸਭ ਸਹਿਯੋਗੀ ਸੱਜਣਾ ਸਦਕਾ ਹੀ ਨੇਪੜੇ ਚੜਿਆ ਹੈ। ਉਹਨਾਂ ਅੱਗੇ ਕਿਹਾ ਕਿ ਇਹ ਸੁਸਇਟੀ ਇਹੋਂ ਜਿਹੇ ਸਮਾਜਸੇਵੀ ਕੰਮਾਂ ਵਿੱਚ ਆਪਣਾ ਅਹਿਮ ਰੋਲ ਅਦਾ ਕਰੇਗੀ ਅਤੇ ਆਉਂਦੇ ਸਾਲ ਫਿਰ ਲੋੜਬੰਦ ਲੜਕੀਆਂ ਦੀਆਂ ਸ਼ਾਦੀਆਂ ਕੀਤੀ ਜਾਣਗੀਆਂ ਜੋ ਨਿਰੰਤਰ ਜਾਰੀ ਰਹਿਣਗੀਆਂ। ਇਸ ਕਾਰਜ ਸਦਕਾ ਇਹਨਾਂ ਨੌਜਵਾਨਾਂ ਦੀ ਇਲਾਕੇ ਵਿੱਚ ਖ਼ੂਬ ਪ੍ਰਸ਼ੰਸ਼ਾ ਕੀਤੀ ਜਾ ਰਹੀ ਹੈ। ਅਖੀਰ ਵਿੱਚ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹਰਜੋਤ ਸਿੰਘ ਐਲਖ ਏ.ਐਸ.ਆਈ (ਥਾਣਾ ਸਾਦਿਕ), ਗੁਰਲਾਲ ਸਿੰਘ ਨੰਬਰਦਾਰ ਸੰਗਤਪੁਰਾ, ਗੁਰਸੇਵਕ ਸਿੰਘ ਮਾਨੀ ਸਿੰਘ ਵਾਲਾ, ਪ੍ਰਧਾਨ ਅਮਨਦੀਪ ਸਿੰਘ ਖਾਲਸਾ ਝੋਕ ਸਰਕਾਰੀ, ਰਣਜੀਤ ਗਾਵੜੀ, ਰਵਿੰਦਰ ਡੈਂਟਰ, ਮਨਵੀਰ ਬਰਾੜ ਨੰਬਰਦਾਰ, ਜਸਕਰਨ ਸਿੰਘ ਸਾਧੂਵਾਲਾ, ਹਰਵੀਰ ਢਿੱਲੋਂ ਸਾਦਿਕ, ਗੁਰਪ੍ਰੀਤ ਸਿੰਘ ਬਰਾੜ ਮਾਨੀ ਸਿੰਘ ਵਾਲਾ, ਰਾਜਾ ਸੰਧੂ ਝੋਕ ਸਰਕਾਰੀ, ਸੰਦੀਪ ਗੁਲਾਟੀ, ਬਲਜਿੰਦਰ ਸਿੰਘ ਧਾਲੀਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸਾਦਿਕ, ਸਿਵਰਾਜ ਸੰਧੂ, ਦਵਿੰਦਰ ਢਿੱਲੋਂ ਚੰਗਿਆੜਾ, ਸਤਿੰਦਰ ਢਿੱਲੋਂ, ਰਾਮਪ੍ਰੀਤ ਢਿੱਲੋਂ ਗੱਗੂ, ਜਸਪਿੰਦਰ ਸਿੰਘ ਰੁਪੱਈਆਂ ਵਾਲਾ, ਰਾਜਵੀਰ ਸਿੰਘ ਡੀ.ਐਸ.ਪੀ, ਰਘਬੀਰ ਸਿੰਘ ਮਾਨੀ ਸਿੰਘ ਵਾਲਾ, ਸਿਮਰਜੀਤ ਸਿੰਘ ਢਿੱਲੋਂ ਸਾਦਿਕ, ਰੁਪਿੰਦਰ ਕੁਮਾਰ ਚਾਵਲਾ, ਦੀਪਕ ਕੁਮਾਰ ਚਾਵਲਾ, ਜਗਦੀਪ ਸਿੰਘ ਜਨੇਰੀਆਂ, ਨਿੰਮਾ ਮੌੜ, ਗੁਰਸੇਵਕ ਸਿੰਘ ਢਿੱਲੋਂ, ਬਲਜੀਤ ਸਿੰਘ ਢਿੱਲੋਂ, ਦਰਸ਼ਨ ਸਿੰਘ ਸੰਧੂ, ਮਨਦੀਪ ਸ਼ਰਮਾ, ਟੋਨੀ ਸੰਗਰਾਹੂਰ, ਰਵਿੰਦਰ ਖੀਵਾ ਦਾ ਅਹਿਮ ਯੋਗਦਾਨ ਰਿਹਾ।

ਰੇਖਾ ਗੁਪਤਾ ਨੂੰ ਦਿੱਲੀ ਦੀ ਮੁੱਖ ਮੰਤਰੀ ਬਣਾਏ ਜਾਣ ਤੇ ਭਾਜਪਾ ਲੀਗਲ ਸੈੱਲ ਵੱਲੋਂ ਲੱਡੂ ਵੰਡੇ ਗਏ

ਆਜ਼ਾਦ ਸੋਚ, ਅਮਨਜੋਤ ਸਿੰਘ, ਸੰਗਰੂਰ, 22 ਫਰਵਰੀ :

ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਨਣ ਦੀ ਖੁਸ਼ੀ ਵਿੱਚ ਭਾਜਪਾ ਲੀਗਲ ਸੈੱਲ ਸੰਗਰੂਰ ਵੱਲੋਂ ਜ਼ਿਲ੍ਹਾ ਬਾਰ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਭਾਜਪਾ ਦੇ ਸਟੇਟ ਕਨਵੀਨਰ ਸੁਰਜੀਤ ਸਿੰਘ ਰੋਧਾਵਾ ਨੇ ਪਾਰਟੀ ਹਾਈਕਮਾਂਡ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਮਹਿਲਾ ਮੁੱਖ ਮੰਤਰੀ ਦੇ ਨਾਮ ਉੱਤੇ ਮੋਹਰ ਲਗਾਉਂਦੇ ਹੋਏ ਰੇਖਾ ਗੁਪਤਾ ਜੀ ਨੂੰ ਦਿੱਲੀ ਦੀ ਮੁੱਖ ਮੰਤਰੀ ਬਣਾਏ ਜਾਣ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਜ ਨਾਥ ਸਿੰਘ ਅਤੇ ਜੇ.ਪੀ.ਨੱਡਾ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਭਾਜਪਾ ਦੇ ਵਰਕਰ ਅਤੇ ਜ਼ਿਲ੍ਹਾ ਬਾਰ ਦੇ ਮੈਂਬਰ ਮੌਕੇ ਤੇ ਮੌਜੂਦ ਸਨ।

ਹੋਲਾ ਮਹੱਲਾ ਲਈ ਪ੍ਰਸਾਸ਼ਨ ਹੋਇਆ ਪੱਬਾ ਭਾਰ, ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਅੰਤਿਮ ਛੋਹਾਂ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 22 ਫਰਵਰੀ :

ਹੋਲਾ ਮਹੱਲਾ 2025 ਲਈ ਪ੍ਰਸਾਸ਼ਨ ਪੂਰੀਆਂ ਤਿਆਰੀਆਂ ਕਰਨ ਵਿਚ ਜੁੱਟ ਗਿਆ ਹੈ। ਸਾਰੇ ਵਿਭਾਗਾ ਦੇ ਅਧਿਕਾਰੀ ਪੱਬਾ ਭਾਰ ਹੋ ਗਏ ਹਨ। ਸ਼੍ਰੀ ਹਿਮਾਸ਼ੂ ਜ਼ੈਨ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਹੋਲਾ ਮਹੱਲਾ ਪ੍ਰਬੰਧਾਂ ਨੂੰ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਚੁਸਤ ਦਰੁਸਤ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਵਧੀਕ ਡਿਪਟੀ ਕਮਿਸ਼ਨਰ ਵਿਕਾਸ ਚੰਦਰ ਜਯੋਤੀ ਸਿੰਘ ਲਗਾਤਾਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕਾਂ ਕਰ ਰਹੇ ਹਨ। ਮੇਲਾ ਅਫਸਰ ਜਸਪ੍ਰੀਤ ਸਿੰਘ ਵੱਲੋਂ ਲਗਾਤਾਰ ਮੇਲਾ ਖੇਤਰ ਦੀ ਮੌਨੀਟਰਿੰਗ ਕੀਤੀ ਜਾ ਰਹੀ ਹੈ। ਅਨਮਜੋਤ ਕੌਰ ਪੀ.ਸੀ.ਐਸ ਮੇਲਾ ਖੇਤਰ ਵਿੱਚ ਐਲ.ਈ.ਡੀ ਸਕਰੀਨ, ਹੈਲਪ ਡੈਸਕ, ਖੋਇਆ ਪਾਇਆ ਵਰਗੇ ਪ੍ਰਬੰਧਾਂ ਦੀ ਨਿਗਰਾਨੀ ਲਈ ਤਿਆਰੀਆਂ ਕਰ ਰਹੇ ਹਨ। ਹੋਲਾ ਮਹੱਲਾ ਤਿਉਹਾਰ ਕੀਰਤਪੁਰ ਸਾਹਿਬ ਵਿੱਚ 10 ਤੋਂ 12 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ 13 ਤੋਂ 15 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਲੱਖਾਂ ਸੰਗਤਾਂ ਹੋਲਾ ਮਹੱਲਾ ਮੌਕੇ ਇੱਥੇ ਪੁੱਜਦੀਆਂ ਹਨ। ਗੁਰਧਾਮਾਂ ਦੇ ਦਰਸ਼ਨਾਂ ਤੋਂ ਇਲਾਵਾ ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਸ੍ਰੀ ਨੈਣਾ ਦੇਵੀ ਜੀ ਤੇ ਗੁਰੂ ਕਾ ਲਾਹੌਰ ਹਿਮਾਚਲ ਪ੍ਰਦੇਸ਼ ਸਮੇਤ ਹੋਰ ਧਾਰਮਿਕ ਅਸਥਾਨਾਂ ਲਈ ਵੀ ਵੱਡੀ ਗਿਣਤੀ ਸੰਗਤਾਂ ਆਉਂਦੀਆਂ ਹਨ। ਲੱਖਾਂ ਸ਼ਰਧਾਲੂਆਂ ਦੇ ਠਹਿਰਾਂਓ, ਪੀਣ ਵਾਲਾ ਪਾਣੀ, ਸਫਾਈ, ਪਖਾਨੇ, ਟਰੈਫਿਕ ਮੈਨੇਜਮੈਂਟ, ਨਿਰਵਿਘਨ ਬਿਜਲੀ ਸਪਲਾਈ, ਸਿਹਤ ਸਹੂਲਤਾਂ, ਪਸ਼ੂ ਡਿਸਪੈਂਸਰੀਆਂ, ਖਾਣ ਪੀਣ ਦੀਆਂ ਵਸਤਾਂ ਦੀ ਮਿਆਰ, ਲੰਗਰਾਂ ਦੇ ਪ੍ਰਬੰਧ, ਪੈਟਰੋਲੀਅਮ ਵਸਤਾਂ ਤੇ ਰਸਦ ਦੀ ਉਪਲੱਬਧਤਾਂ ਵਰਗੇ ਬਹੁਤ ਸਾਰੇ ਕੰਮ ਵੱਖ ਵੱਖ ਵਿਭਾਗਾਂ ਦੀ ਨਿਗਰਾਨੀ ਵਿੱਚ ਚੱਲ ਰਹੇ ਹਨ, ਜਿਸ ਦੇ ਲਈ ਲਗਾਤਾਰ ਬੈਠਕਾਂ ਦਾ ਦੌਰ ਜਾਰੀ ਹੈ। ਹੋਲਾ ਮਹੱਲਾ ਮੌਕੇ ਐਡਵੈਂਚਰ ਸਪੋਰਟਸ, ਖੇਡ ਮੁਕਾਬਲੇ, ਸਰਕਾਰ ਦੀ ਪ੍ਰਗਤੀ ਨੂੰ ਦਰਸਾਉਦੀਆਂ ਪ੍ਰਦਰਸ਼ਨੀਆਂ, ਕਰਾਫਟ ਮੇਲਾ, ਵਿਰਾਸਤੀ ਖੇਡਾਂ, ਦਸਤਾਰ ਬੰਦੀ ਮੁਕਾਬਲੇ ਅਤੇ ਹੋਲਾ ਮਹੱਲਾ ਦੇ ਮਹੱਤਵ ਤੇ ਇਤਿਹਾਸ ਨੂੰ ਦਰਸਾਉਦਾ ਪ੍ਰਸਾਰਨ ਐਲ.ਈ.ਡੀ ਸਕਰੀਨਾ ਤੇ ਕਰਨ ਲਈ ਲਗਾਤਾਰ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਮੇਲਾ ਖੇਤਰ ਦੀ ਮੁਕੰਮਲ ਸਫਾਈ, ਕੂੜਾ ਪ੍ਰਬੰਧਨ, ਫੋਗਿੰਗ, ਪਾਣੀ ਦਾ ਛਿੜਕਾਓ, ਲਈ ਵੀ ਨਗਰ ਕੌਂਸਲ ਲਗਾਤਾਰ ਕੰਮ ਕਰ ਰਹੀ ਹੈ। ਇਸ ਦੇ ਲਈ ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਵੱਲੋਂ ਸਮੁੱਚੇ ਮੇਲਾ ਖੇਤਰ ਨੂੰ ਅੱਠ ਸੈਕਟਰਾਂ ਵਿਚ ਵੰਡਿਆ ਹੈ। ਹਜ਼ਾਰਾ ਵਾਹਨਾਂ ਲਈ ਢੁਕਵੀਆਂ ਥਾਵਾਂ ਤੇ ਪਾਰਕਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਕਾਰਜਕਾਰੀ ਇੰ.ਵਿਵੇਕ ਦੁਰੇਜਾ ਪਾਰਕਿੰਗ ਦੇ ਪ੍ਰਬੰਧਾਂ ਨੂੰ ਆਪਣੀ ਨਿਗਰਾਨੀ ਵਿਚ ਕਰਵਾ ਰਹੇ ਹਨ। ਇਨ੍ਹਾਂ ਪਾਰਕਿੰਗ ਵਾਲੀਆਂ ਥਾਵਾਂ ਤੋਂ ਸ਼ਟਲ ਬੱਸ ਸਰਵਿਸ ਮੁਫਤ ਸ਼ਰਧਾਲੂਆਂ ਨੂੰ ਗੁਰਧਾਮਾ ਤੱਕ ਲੈ ਕੇ ਜਾਵੇਗੀ, ਜਿਸ ਦੇ ਲਈ ਟ੍ਰਾਸਪੋਰਟ ਵਿਭਾਗ ਦੇ ਆਰਟੀਓ ਜੀ.ਐਸ.ਜੋਹਲ ਕੰਮ ਕਰ ਰਹੇ ਹਨ। ਸੁਖਪਾਲ ਸਿੰਘ ਐਸ.ਡੀ.ਐਮ ਮੋਰਿੰਡਾ ਵੱਲੋਂ ਵਿਰਾਸਤੀ ਖੇਡਾਂ ਦੀਆਂ ਤਿਆਰੀਆਂ ਤੇ ਪ੍ਰਬੰਧ ਕਰਵਾਏ ਜਾ ਰਹੇ ਹਨ। ਐਸ.ਡੀ.ਐਮ ਰੂਪਨਗਰ ਸ੍ਰੀ ਸਚਿਨ ਪਾਠਕ ਹੋਲਾ ਮਹੱਲਾ ਦੀ ਵੈਬਸਾਈਟ ਉਤੇ ਮੇਲੇ ਸਬੰਧੀ ਹਰ ਢੁਕਵੀ ਜਾਣਕਾਰੀ ਉਪਲੱਬਧ ਕਰਵਾ ਰਹੇ ਹਨ। ਹਰਜੀਤਪਾਲ ਸਿੰਘ ਕਾਰਜਕਾਰੀ ਇ